## ਜਗਤ ਗੁਰੂ ਨਾਨਕ ਦੇਵ
## ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ
**(Established by Act No.19 of 2019 of Legislature of the State of Punjab)**

**Ref.No/PSOU/COE/** 1511 **Dated :** 26/06/2025

ਵੱਲ

ਸਮੂਹ ਪ੍ਰਿੰਸੀਪਲ ਸਾਹਿਬਾਨ (LSC)/
ਸਮੂਹ ਕੋਆਰਡੀਨੇਟਰ (ਯੂਨੀਵਰਸਿਟੀ ਸਕੂਲ)
ਪੰਜਾਬ।

**ਵਿਸ਼ਾ:-** **ਪ੍ਰੀਖਿਆਵਾਂ (ਜੁਲਾਈ-2025 (ਪ੍ਰੈਕਟੀਕਲ) / ਜੁਲਾਈ/ਅਗਸਤ-2025 (ਥਿਉਰੀ ) ਲਈ ਵਿਦਿਆਰਥੀਆਂ ਦੇ ਐਡਮਿਟ ਕਾਰਡ ਜਾਰੀ ਕਰਨ ਸਬੰਧੀ।**

ਸਮੂਹ ਪ੍ਰੀਖਿਆ ਕੇਂਦਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੀਖਿਆਵਾਂ ਵਿੱਚ ਅਪੀਅਰ ਹੋਣ ਵਾਲੇ ਵਿਦਿਆਰਥੀਆਂ ਦੇ ਐਡਮਿਟ ਕਾਰਡ ਯੂਨੀਵਰਸਿਟੀ ਵਲੋਂ ਜਾਰੀ ਕੀਤੇ ਗਏ ਹਨ। ਇਸ ਲਈ ਸਮੂਹ ਕਾਲਜਾਂ/ਪ੍ਰੀਖਿਆ ਕੇਂਦਰਾਂ ਵਲੋਂ ਸਬੰਧਤ ਵਿਦਿਆਰਥੀਆਂ ਨੂੰ ਹੇਠ ਲਿਖੇ ਸਬੰਧੀ ਜਾਣਕਾਰੀ ਦੇਣੀ ਯਕੀਨੀ ਬਣਾਈ ਜਾਵੇ:

1) ਸਮੂਹ ਵਿਦਿਆਰਥੀ ਆਪਣਾ ਐਡਮਿਟ ਕਾਰਡ ਯੂਨੀਵਰਸਿਟੀ ਦੇ online portal ਦੇ weblink (https://student.psou.ac.in/Login) ਤੇ ਮਿਤੀ **27-06-2025 (04 ਵਜੇ ਦੁਪਹਿਰ) ਤੋਂ ਮਿਤੀ 02.07.2025** ਤੱਕ ਪ੍ਰਿੰਟ ਲੈ ਸਕਦੇ ਹਨ। ਵਿਦਿਆਰਥੀਆਂ ਵਲੋਂ ਇਸ ਐਡਮਿਟ ਕਾਰਡ ਦੀ ਹਾਰਡ ਕਾਪੀ ਤੇ ਕਾਲਜ ਦੇ ਪ੍ਰਿੰਸੀਪਲ ਦੇ ਦਸਤਖਤ ਕਰਵਾਏ ਜਾਣ।
2) ਕਿਸੇ ਵੀ ਵਿਦਿਆਰਥੀ ਨੂੰ ਬਿਨ੍ਹਾਂ ਐਡਮਿਟ ਕਾਰਡ ਤੋਂ ਪ੍ਰੀਖਿਆ ਦੇਣ ਦੀ ਇਜ਼ਾਜਤ ਨਹੀਂ ਹੋਵੇਗੀ।
3) ਪ੍ਰੀਖਿਆ ਕੇਂਦਰਾਂ ਦੇ ਸੁਪਰਡੈਂਟ ਅਤੇ ਕੋਆਰਡੀਨੇਟਰ ਇਹ ਯਕੀਨੀ ਬਣਾਉਣਗੇ ਕਿ **ਜਿਨ੍ਹਾਂ ਵਿਦਿਆਰਥੀਆਂ ਕੋਲ ਐਡਮਿਟ ਕਾਰਡ (ਪ੍ਰਿੰਟ ਹਾਰਡ ਕਾਪੀ) ਨਹੀਂ ਹੈ, ਉਨ੍ਹਾਂ ਨੂੰ ਪ੍ਰੀਖਿਆ ਕੇਂਦਰਾਂ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।** ਐਡਮਿਟ ਕਾਰਡ ਤੇ ਵਿਦਿਆਰਥੀ ਦੀ ਫੋਟੋ ਲੱਗੀ ਹੋਈ ਅਤਿ ਜਰੂਰੀ ਹੈ।
4) ਕੁੱਝ ਵਿਦਿਆਰਥੀਆਂ ਨੇ ਅਜੇ ਤੱਕ ਆਨਲਾਈਨ ਸਿਸਟਮ ਵਿੱਚ ਲੋਗਿਨ ਨਹੀਂ ਕੀਤਾ ਹੈ, ਸਬੰਧਤ ਕਾਲਜਾਂ ਵੱਲੋਂ ਇਸ ਸਬੰਧੀ ਆਪਣੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਵੇ।
5) ਯੂਨੀਵਰਸਿਟੀ ਦੇ ਕੋਰਸਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੇ ਐਡਮਿਟ ਕਾਰਡ ਵਿੱਚ ਪ੍ਰਿੰਸੀਪਲ/ਚੀਫ ਕੋਆਰਡੀਨੇਟਰ ਦੇ ਹਸਤਾਖਰ ਦੀ ਜ਼ਰੂਰਤ ਨਹੀਂ ਹੈ, ਐਡਮਿਟ ਕਾਰਡ ਵਿੱਚ ਕੰਟਰੋਲਰ ਪ੍ਰੀਖਿਆਵਾਂ ਦੇ ਹਸਤਾਖਰ ਦੇ ਨਾਲ ਹੀ ਸਬੰਧਤ ਵਿਦਿਆਰਥੀਆਂ ਨੂੰ ਪ੍ਰੀਖਿਆ ਕੇਂਦਰ ਵਿੱਚ Allow ਕੀਤਾ ਜਾਵੇ।

26/6/25
ਕੰਟਰੋਲਰ ਪ੍ਰੀਖਿਆਵਾਂ

Controller of Examinations
Jagat Guru Nanak Dev
Punjab State Open University
Patiala

**ਉਤਾਰਾ :**

1) ਡੀਨ ਅਕਾਦਮਿਕ ਮਾਮਲੇ
2) ਰਜਿਸਟਰਾਰ
3) ਡਾਇਰੈਕਟਰ, LSC
4) ਡਾਇਰੈਕਟਰ CITS
5) ਸਮੂਹ ਫੈਕਲਟੀ ਮੈਂਬਰ (ਯੂਨੀਵਰਸਿਟੀ)
6) ਪੀ.ਏ. ਟੂ ਵਾਈਸ ਚਾਂਸਲਰ – ਮਾਨਯੋਗ ਵਾਈਸ ਚਾਂਸਲਰ ਸਾਹਿਬ ਜੀ ਦੀ ਜਾਣਕਾਰੀ ਹਿੱਤ।
7) ਸ੍ਰੀ ਵਿਸ਼ਾਲ ਕੁਮਾਰ – ਸਮੂਹ ਕਾਲਜਾਂ ਨੂੰ ਈ-ਮੇਲ ਅਤੇ Website ਤੇ upload ਕਰਨ ਸਬੰਧੀ।